# ਗੁਰਮਤ ਸੰਗੀਤ

ਬੜੂ ਸਾਹਿਬ ਅਕਾਲ ਅਕੈਡਮੀ ਦੇ ਵਿਦਿਆਥੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਟੱਲ ਹੁਕਮਾਂ ਅਨੁਸਾਰ ਬਾਣੀ ਦੇ ਸ਼ੁਧ ਉਚਾਰਣ ਨਾਲ ਨਿਰਧਾਰਿਤ ਰਾਗਾਂ ਵਿੱਚ ਬਾਣੀ ਦਾ ਗਾਇਨ ਕਰਦੇ ਹਨ।ਧੁਰ ਕੀ ਬਾਣੀ ਦਾ ਨਾਦ ਯੋਗ ਨਾਲ ਵੀ ਗੂੜ੍ਹਾ ਸੰਬੰਧ ਹੈ।ਪ੍ਰਸਿੱਧ ਕੀਰਤਨੀ ਸਿੰਘ ਪ੍ਰੋ: ਸੁਰਿੰਦਰ ਸਿੰਘ, ਸ਼ਾਸਤਰੀ ਸੰਗੀਤ ਦੇ ਕਈ ਹੋਰ ਅਭਿਆਸੀ ਅਤੇ ਅਮਰੀਕਨ ਸਿੰਘ ਨਾਦ ਯੋਗ ਦੀ ਸਾਇੰਸ ਨੂੰ ਅਮਲ ਵਿਚ ਲਿਆਉਂਦੇ ਹਨ।ਉਹ ਜਾਣਦੇ ਹਨ ਕਿ **ਬਾਣੀ ਦੇ ਹਰ ਅੱਖਰ ਅਤੇ ਲਗਾਂ-ਮਾਤਰਾਂ ਦੇ ਉਚਾਰਣ ਵਿੱਚ ਨਾਦ ਯੋਗ ਦੀ ਭਰਪੂਰ ਸ਼ਕਤੀ ਨਾਲ ਇਲਾਹੀ ਰੰਗ ਰਸ ਦੀ ਬਣਤਰ ਛੁਪੀ ਹੋਈ ਹੈ।** ਜੇ ਅਸੀਂ ਉਸ ਇਲਾਹੀ ਮੰਡਲ ਦੀਆਂ ਦੀਆਂ ਚ੍ਰਮ ਸੀਮਾਵਾਂ ਤਕ ਪਹੁੰਚਣਾਂ ਹੈ ਤਾਂ ਸ਼ੁੱਧ ਉਚਾਰਣ ਨਾਲ ਹੀ ਸੰਭਵ ਹੋ ਸਕਦਾ ਹੈ।ਵਿਸਮਾਦੀ ਰੰਗ ਰਸ ਦੀ ਪ੍ਰਾਪਤੀ ਲਈ ਗੁਰੂ ਜੀ ਦੇ ਹੁਕਮਾਂ ਉਤੇ ਪੂਰੇ ਉਤਰਨਾਂ ਪਵੇਗਾ।

ਕਈ ਵਾਰੀ ਅਸੀਂ ਆਪਣੇ ਸੁੱਖ-ਅਰਾਮ ਲਈ ਕੋਈ ਨਵੀਂ ਕਾਢ ਕੱਢਦੇ ਹਾਂ ਤੇ ਜੀਵਨ ਵਿੱਚ ਉਹ ਤਰੀਕਾ ਅਪਣਾ ਲੈਂਦੇ ਹਾਂ। ਸਾਨੂੰ ਦੇਖ ਕੇ ਸਾਡੇ ਸਾਥੀ ਵੀ ਉਸੇ ਤਰੀਕੇ ਨੂੰ ਅਪਣਾ ਲੈਂਦੇ ਹਨ।ਹੌਲੀ-ਹੌਲੀ ਉਸ ਤਰੀਕੇ ਨੂੰ ਅਪਨਾਉਣ ਵਾਲੇ ਲੋਕਾਂ ਦੀ ਗਿਣਤੀ ਵਧਦੀ ਜਾਂਦੀ ਹੈ।ਅਖੀਰ ਵਿੱਚ ਉਹ ਤ੍ਰੀਕਾ ਇਕ ਰਸਮ ਬਣ ਜਾਂਦਾ ਹੈ।ਫਿਰ ਉਸ ਉਤੇ ਕੋਈ ਕਿੰਤੂ ਪ੍ਰੰਤੂ ਨਹੀਂ ਕਰਦਾ, ਸਗੋਂ ਰੀਤੀ-ਰਿਵਾਜ ਸਮਝ ਕੇ ਹਰ ਕੋਈ ਉਸਨੂੰ ਅਪਨਾਉਣ ਵਿੱਚ ਹੀ ਭਲਾ ਸਮਝਿਆ ਜਾਂਦਾ ਹੈ।ਕੋਈ ਵੀ ਰੀਤ-ਰਿਵਾਜ ਜਦੋਂ ਸਮਾਜ ਦੀਆਂ ਜੜ੍ਹਾਂ ਵਿੱਚ ਫਸ ਜਾਂਦਾ ਹੈ ਤਾਂ ਉਸ ਨੂੰ ਜੜ੍ਹਾਂ 'ਤੋਂ ਉਖਾੜ ਕੇ ਪਰ੍ਹੇ ਸੁੱਟਣਾ ਮੁਸ਼ਕਿਲ ਹੋ ਜਾਂਦਾ ਹੈ।

ਇਸੇ ਤਰ੍ਹਾਂ ਸਾਡੇ ਗਰਮਤਿ ਸੰਗੀਤ ਨਾਲ ਹੋਇਆ।ਹਰਮੋਨੀਅਮ ਦੇ ਸੁਖ ਅਰਾਮ ਨੇ ਗੁਰਮਤਿ ਸੰਗੀਤ ਨੂੰ ਬੜੇ ਨੀਵੇਂ ਪਧਰ ਉਤੇ ਲੈ ਆਦਾ।ਕੁਝ ਲੋਕ ਇਸ ਸਚਾਈ ਨੂੰ ਮੰਨਣ ਦੀ ਥਾਂ ਇਸ ਨੂੰ ਪੰਥ ਪ੍ਰਵਾਨਤ ਰਸਮ ਕਹਿ ਕੇ ਅਪਣਾਈ ਜਾ ਰਹੇ ਹਨ।ਇਸ ਵੇਲੇ ਹਰਮੋਨੀਅਮ ਸਾਡੇ ਗੁਰਮਤਿ ਸੰਗੀਤ ਦਾ ਇਕ ਅੰਗ ਬਣ ਚੁਕਾ ਹੈ ਪਰ ਇਹ ਇਕ ਐਸੀ ਰਸਮ ਹੈ ਜਿਸ ਨੂੰ ਅਸੀਂ ਅੰਗ੍ਰੇਜ਼ੀ ਸਭਿਆਚਾਰ ਦੇ ਪ੍ਰਭਾਵ ਥਲੇ ਆ ਕੇ ਅਪਣਾਇਆ।ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅੰਮ੍ਰਿਤ ਬਾਣੀ ਦੀਆਂ ਇਲਾਹੀ ਧੁਨੀਆਂ ਅਲਾਪਣ ਦੀ ਬਖਸ਼ਿਸ਼ ਭਾਈ ਮਰਦਾਨੇ ਦੀ ਰਬਾਬ(ਤੰਤੀ ਸਾਜ) ਨਾਲ ਕੀਤੀ,.ਗੁਰੂ ਅਰਜਨ ਦੇਵ ਜੀ ਨੇ ਸਰੰਦਾ ਅਤੇ ਜੋੜੀ(ਤਬਲਾ) ਈਜਾਦ ਕਰਕੇ ਗੁਰਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਗਾਉਣ ਦਾ ਅਦੇਸ਼ ਦਿਤਾ।ਉਹ ਆਪਣੇ ਹਥੀਂ ਸਾਜ ਵਜਾ ਕੇ ਕੀਰਤਨ ਕਰਿਦੇ ਸਨ ਤੇ ਨਿਰਧਾਰਿਤ ਰਾਗਾਂ ਵਿਚ ਬਾਣੀ ਗਾਇਨ ਕਰਦੇ ਸੀ।ਕਹਿੰਦੇ ਨੇ ਕਿ ਗੁਰੂ ਜੀ ਦਾ ਗਲਾ ਬੜਾ ਹੀ ਰਸੀਲਾ ਸੀ।ਉਨ੍ਹਾਂ ਦੀ ਮਿਠੀ ਅਵਾਜ ਰਾਹੀਂ ਅਲਾਪੇ ਅੰਮ੍ਰਿਤ ਬਾਣੀ ਦੇ ਸੋਹਲੇ ਇਲਾਹੀ ਰੰਗ ਰਸ ਨਾਲ ਸੰਗਤਾਂ ਦੇ ਦਿਲ ਸਰਸ਼ਾਰ ਕਰਦੇ ਸੀ।ਜਦੋਂ ਉਨ੍ਹਾਂ ਨੂੰ ਪ੍ਰਿਥੀ ਚੰਦ ਦੇ

ਸਤਾਉਣ ਕਾਰਨ ਘਰ ਬਾਰ ਤਿਆਗ ਕੇ ਸ਼ਹਿਰੋਂ ਬਾਹਰ ਕਖਾਂ ਦੀ ਕੁਲੀ ਵਿਚ ਰਹਿਣਾ ਪਿਆ ਤਾਂ ਉਨ੍ਹਾਂ ਦੇ ਸਰੰਦੇ ਦੀ ਸੰਗਤ ਨਾਲ ਅਲਾਪੀ ਬਾਣੀ ਦੇ ਅਨਹਦੀ ਸੁਰ, ਪ੍ਰਕਾਸ਼ ਦੀਆਂ ਕਣੀਆਂ ਬਣ ਕੇ ਸੰਗਤਾਂ ਦੇ ਦਿਲਾਂ ਉਤੇ ਬਰਸਣ ਲਗੇ।ਮਿਠੀਆਂ ਧੁਨੀਆਂ ਦੀ ਗੁੰਜਾਰ ਸੰਗਤਾਂ ਨੂੰ ਉਸੇ ਪਾਸੇ ਹੀ ਕੀਲਣ ਲਗੀ।ਜਿਧਰ ਸਤਿਗੁਰੂ ਜੀ ਸਰੰਦੇ ਦੀ ਟੁਣਕਾਰ ਦੇ ਖੰਭਾਂ ਉਤੇ ਬਾਣੀ ਨੂੰ ਬਿਠਾ ਕੇ ਇਲਾਹੀ ਮੰਡਲਾਂ ਦੀਆਂ ਉਡਾਰੀਆਂ ਲਗਾ ਰਹੇ ਸਨ।ਸ਼ਹਿਰੀ ਮਹਿਲਾਂ ਦਾ ਰਸਤਾ ਛਡ ਕੇ ਸੰਗਤਾਂ ਨੇ ਉਸ ਕੁਲੀ ਦਾ ਰਸਤਾ ਫੜਿਆ ਤੇ ਓਅੰਕਾਰ ਦੇ ਦੇਸ਼ ਪਹੁੰਚਣ ਲਈ ਗੁਰੂ ਜੀ ਦੀ ਸ਼ਰਣ ਵਿਚ ਡੇਰੇ ਲਗਾਏ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਰੰਗੀ ਨੂੰ ਪ੍ਰਚਲਿਤ ਕੀਤਾ,ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਊਸ ਅਤੇ ਦਿਲਰੁਬਾ ਨੂੰ ਗੁਰਮਤਿ ਸੰਗੀਤ ਵਿਚ ਪ੍ਰਵੇਸ਼ ਕੀਤਾ।ਮਰਦਾਨੇ ਦੀ ਰਬਾਬ ਤੋਂ ਪਹਿਲੇ ਮੁਸਲਿਮ ਕਾਲ ਅਤੇ ਪ੍ਰਚੀਨ ਕਾਲ ਵਿਚ ਵੀ ਵੀਣਾ ਆਦਿ ਤੰਤੀ ਸਾਜ਼ ਹੀ ਵਰਤੇ ਜਾਂਦੇ ਸੀ।ਪਰ ਸਮੇ ਦੇ ਗੇੜ ਨਾਲ ਅੰਗਰੇਜ਼ ਆਏ।ਅਸੀਂ ਉਨ੍ਹਾਂ ਦੇ ਸਭਿਆਚਾਰ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਦੇ ਪਹਿਰਾਵੇ ਦੀ ਨਕਲ ਕੀਤੀ,ਹੋਰ ਕਈ ਗੁਣ ਅਵਗੁਣ ਕਬੂਲ ਕੀਤੇ।ਸਭ ਤੋਂ ਮਾੜੀ ਗਲ ਇਹ ਹੋਈ ਕਿ ਉਨ੍ਹਾਂ ਦੇ ਹਲਕੇ ਫੁਲਕੇ ਸੰਗੀਤ ਦੀ ਹਨੇਰੀ ਨੇ ਸਾਡੇ ਅਨਹਦੀ ਮੰਡਲਾਂ ਵਿਚ ਫੈਲੇ ਗੁਰਮਤਿ ਸੰਗੀਤ ਦੀਆਂ ਜੜ੍ਹਾਂ ਹਿਲਾ ਕੇ ਰਖ ਦਿਤੀਆਂ। ਖਾਸ ਕਰਕੇ ਸਾਨੂੰ ਸਤਿਗੁਰਾਂ ਦੇ ਹੁਕਮ ਅਨੁਸਾਰ ਸ਼ਾਸਤਰੀ ਰਾਗਾਂ ਵਿਚ ਗਾਉਣ ਜੋਗੇ ਛਡਿਆ ਹੀ ਨਹੀਂ।ਹਰਮੋਨੀਅਮ ਸਾਡੇ ਤੰਤੀ ਸਾਜਾਂ ਦੀਆਂ ਮਿਠੀਆਂ ਧੁਨੀਆਂ ਨੂੰ ਨਿਗਲਣ ਵਿਚ ਪੂਰੀ ਤਰ੍ਹਾਂ ਕਾਮਯਾਬ ਹੋ ਗਿਆ।ਅੰਗਰੇਜ਼ਾਂ ਲਈ ਇਹ ਬਾਰਾਂ ਸੁਰਾਂ ਵਿਚ ਸੀਮਤ ਸਾਜ ਨਚਣ ਟਪਣ ਦੀ ਹਾਰਮਨੀ ਪੈਦਾ ਕਰਨ ਲਈ ਕਾਫੀ ਸੀ, ਪਰ ਅਸੀਂ ਭੁਲ ਗਏ ਕਿ ਸਾਡੇ ਤੰਤੀ ਸਾਜਾਂ ਦੀ ਟੁਣਕਾਰ ਤਾਂ ਹਰਮੋਨੀਅਮ ਦੇ ਬਾਰਾਂ ਸੁਰਾਂ ਤੋਂ ਉਪਰ ਬਾਈ ਮੂਰਛਨਾਵਾਂ ਦੀਆਂ ਮਹੀਨ ਧੁਨੀਆਂ ਨਾਲ ਲਦੀ ਹੋਈ ਹੈ।ਅਸੀਂ ਆਪਣੇ ਸੁਖ ਅਰਾਮ ਦੀ ਖਾਤਰ ਗੁਰੂ ਜੀ ਦੇ ਹੁਕਮਾਂ ਦੀ ਉਲੰਘਣਾ ਕੀਤੀ।ਗੁਰਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਗਾਉਣ ਦੀ ਥਾਂ ਲੋਕ ਗੀਤਾਂ,ਫਿਲਮੀ ਗੀਤਾਂ ਜਾਂ ਮਨਘੜਤ ਧੁਨੀਆਂ ਵਿਚ ਗਾਉਣਾਂ ਸ਼ੁਰੂ ਕਰ ਦਿਤਾ।ਹਰਮੋਨੀਅਮ ਕੀਰਤਨੀਆਂ ਦਾ ਪਕਾ ਸਾਥੀ ਬਣ ਗਿਆ।ਇਸਦੇ ਖੜ੍ਹਵੇਂ ਸੁਰਾਂ ਨੇ ਕੀਰਤਨੀਆਂ ਦੇ ਗਲਿਆਂ ਦੀ ਲਚਕ ਅਤੇ ਸੰਗੀਤ ਦੀਆਂ ਭਾਵ ਮਈ ਬਰੀਕੀਆਂ ਉਤੇ ਭਾਰੀ ਸਟ ਮਾਰੀ।

ਹਰਮੋਨੀਅਮ ਦੇ ਸੁਖ ਅਰਾਮ ਨੇ ਸਾਨੂੰ ਗੁਰਮਤ ਸੰਗੀਤ ਦੇ ਪੂਰਨ ਲਾਹੇ ਲੈਣ ਦੀ ਥਾਂ ਘਾਟੇ ਵਿਚ ਹੀ ਰਖਿਆ ਹੈ।ਅਸੀਂ ਘਟਦੇ ਘਟਦੇ ਐਨਾ ਘਟ ਗਏ ਕਿ ਅਜ ਸਾਨੂੰ ਗੁਰੂ ਜੀ ਦਾ ਨਿਰਧਾਰਤ ਰਾਗਾਂ ਵਿਚ ਬਾਣੀ ਦਾ ਗਾਇਨ ਕਰਨ

ਦਾ ਹੁਕਮ ਓਪਰਾ ਜਿਹਾ ਲਗਦਾ ਹੈ।ਹੁਣ ਇਸ ਹੁਕਮ ਦੀ ਪਾਲਣਾ ਕਰਨੀ ਅਸੰਭਵ ਜਿਹੀ ਲਗਦੀ ਹੈ ਤੇ ਹਰਮੋਨੀਅਮ ਤੋਂ ਬਿਨਾ ਗੁਰਬਾਣੀ ਗਾਇਨ ਕਰਨ ਦੀ ਗਲ ਅਜੀਬ ਜਿਹੀ ਲਗਦੀ ਹੈ।

ਬੜੇ ਅਫਸੋਸ ਦੀ ਗਲ ਹੈ ਕਿ ਕੁਝ ਲੋਕ ਹਰਮੋਨੀਅਮ ਦੀ ਸੰਗਤ ਨਾਲ ਕੀਰਤਨ ਕਰਨ ਦੀ ਰਸਮ ਨੂੰ ਪੰਥ ਪ੍ਰਵਾਨਿਤ ਕਹਿ ਕੇ ਇਸ ਗਲ ਨੂੰ ਅਣਗੌਲਿਆ ਕਰ ਦਿੰਦੇ ਹਨ।ਕਿ ਸਾਡੇ ਗੁਰੂਆਂ ਨੇ ਬਾਣੀ ਦੀ ਰਚਨਾ ਰਾਗਾਂ ਵਿਚ ਕੀਤੀ ਹੈ ਅਤੇ ਕੀਰਤਨੀਆਂ ਨੂੰ ਵੀ ਰਾਗਾਂ ਵਿਚ ਕੀਰਤਨ ਕਰਨ ਦਾ ਆਦੇਸ਼ ਦਿਤਾ ਹੈ।

ਤੰਤੀ ਸਾਜ਼ਾਂ ਦੀਆਂ ਤਰਬਾਂ ਨੂੰ ਸੁਰ ਕਰਨ ਲਈ ਪਹਿਲੇ ਆਪਣੀ ਸੁਰਤੀ ਨੂੰ ਸੁਰਾਂ ਦੀ ਡੋਰ ਵਿਚ ਬੁਨਣ ਦੀ ਜਰੂਰਤ ਪੈਂਦੀ ਹੈ,ਤਾਂ ਹੀ ਅਸੀਂ ਆਪਣੇ ਸਾਜ਼ ਦੀਆਂ ਤਾਰਾਂ ਸੁਰ ਕਰਕੇ ਉਸਨੂੰ ਵਰਤੋਂ ਵਿਚ ਲਿਆ ਸਕਦੇ ਹਾਂ।ਤੇ ਇਹ ਕੰਮ ਸੁਰ-ਗਿਆਨ ਵਾਲੇ ਹੀ ਕਰ ਸਕਦੇ ਹਨ।ਸੁਰ-ਗਿਆਨ ਦੀ ਪ੍ਰਾਪਤੀ ਮੇਹਨਤ ਕੀਤਿਆਂ ਹੀ ਮਿਲਦੀ ਹੈ।ਹਰਮੋਨੀਅਮ ਵਿਚ ਅਜਿਹੀ ਖੇਚਲ ਕਰਨ ਦੀ ਲੋੜ ਨਹੀਂ ਪੈਂਦੀ ਪਰ ਅਜਿਹੇ ਸੁਖ ਅਰਾਮ ਦੀ ਖਾਤਰ ਸਾਨੂੰ ਆਪਣੇ ਗੁਰਮਤਿ ਸੰਗੀਤ ਦੀਆਂ ਵਿਸ਼ੇਸ਼ਤਾਈਆਂ ਨੂੰ ਖਤਮ ਨਹੀਂ ਕਰ ਦੇਣਾ ਚਾਹੀਦਾ।ਰਾਗਾਂ ਨੂੰ ਸਮੇ ਅਤੇ ਰੁਤ ਅਨੁਸਾਰ ਗਾਉਣ ਦਾ ਨਿਯਮ ਨਿਭਾਉਂਦਿਆਂ ਹੋਇਆਂ ਜੇਕਰ ਅੰਮ੍ਰਿਤ ਬਾਣੀ ਨੂੰ ਸਚੇ ਸੁਚੇ ਸੁਰਾਂ ਦੇ ਖੰਭਾਂ ਉਤੇ ਬਿਠਾ ਕੇ ਉਡਾਰੀਆਂ ਮਾਰੀਆਂ ਜਾਣ ਤਾਂ ਹੀ ਗੁਰਮਤਿ ਕੀਰਤਨ ਦਾ ਅਸਲੀ ਅਨੰਦ ਆਉਂਦਾ ਹੈ।

ਬਾਣੀ ਦਾ ਹਰ ਇਕ ਅਖਰ ਨਾਦ ਯੋਗ ‘ਤੇ ਅਧਾਰਤ ਹੈ।ਇਸ ਲਈ ਉਚਾਰਣ ਵਿਚ ਭੁਲ ਕੇ ਵੀ ਲਗਾਂ ਮਾਤਰਾ ਵਿਚ ਫਰਕ ਨਹੀਂ ਪੈਣ ਦੇਣਾ ਚਾਹੀਦਾ।ਗੁਰੂ ਜੀ ਦੇ ਹੁਕਮਾਂ ਅਨੁਸਾਰ ਨਿਰਧਾਰਤ ਰਾਗਾਂ ਦੇ ਸ਼ੁਧ ਸੁਰ ਅਤੇ ਬਾਣੀ ਦਾ ਸ਼ੁਧ ਉਚਾਰਣ ਵਿਸਮਾਦ ਨਾਦ ਦੀਆਂ ਤ੍ਰੰਗਾਂ ਪੈਦਾ ਕਰਦਾ ਹੈ।ਇਹ ਇਕ ਸਚਾਈ ਹੈ ਜਿਨ੍ਹਾਂ ਨੇ ਇਹ ਰੰਗ ਮਾਣੇ ਹਨ ਉਹ ਜਾਣਦੇ ਹਨ ਕਿ ਸਾਡੀਆਂ ਸੁਰਤੀਆਂ ਦੁਨਿਆਵੀ ਮੰਡਲਾਂ ਦੀ ਕੈਦ ਵਿਚੋਂ ਨਿਕਲ ਕੇ ਨਾਦ ਯੋਗ ਦੀਆਂ ਉਡਾਰੀਆਂ ਮਾਰਦੀਆਂ ਹੋਈਆਂ ਗੰਧਰਵਾਂ ਦੇ ਸੰਗੀਤ ਨੂੰ ਵੀ ਪਿਛੇ ਛਡ ਜਾਂਦੀਆਂ ਹਨ।ਉਥੇ ਪਹੁੰਚ ਜਾਂਦੀਆਂ ਹਨ ,ਜਿਥੇ ਬਾਬੇ ਨਾਨਕ ਦੀ ਆਰਤੀ ਹੋ ਰਹੀ ਹੈ।ਚੰਦ ਸੂਰਜ ਦੇ ਦੀਵੇ ਅਤੇ ਡਲ੍ਹ ਡਲ੍ਹ ਕਰਦੇ ਤਰਿਆਂ ਨਾਲ ਭਰੇ ਗਗਨ ਰੂਪੀ ਥਾਲ ਉਤੇ ਪਵਣ ਚੌਰ ਝੁਲਾਉਂਦੀ ਹੈ।ਹਾਂ ਜੀ!ਉਥੇ ਬਾਬੇ ਨਾਨਕ ਦੀ ਇਲਾਹੀ ਬਾਣੀ ਦੀ ਸੰਗਤ ਕਰਨ ਲਈ ‘ਅਨਹਦ ਸਬਦ ਵਜੰਤ ਭੇਰੀ’ ਦੇ ਨਾਲ ਨਾਲ ਭਾਈ ਮਰਦਾਨੇ ਦੀ ਰਬਾਬ ਦੀਆਂ ਤਾਰਾਂ ਦੀ ਟੁਣਕਾਰ ਗੁੰਜਾਰਾਂ ਪਾਉਂਦੀ ਹੈ।ਰੰਗ ਬਰੰਗੇ ਪ੍ਰਕਾਸ਼ ਦੇ ਨੂਰਾਨੀ ਬਦਲਾਂ ਦੀਆਂ ਘਨਘੋਰ ਘਟਾਵਾਂ ਵਿਚੋਂ ਰੰਗ ਬ੍ਰੰਗੀਆਂ ਅੰਮ੍ਰਿਤ ਬੂੰਦਾਂ ਨਾਲ

ਸਾਰੇ ਖੰਡ ਬ੍ਰਹਮੰਡ ਸਰਸ਼ਾਰ ਹੋ ਰਹੇ ਹਨ।ਬ੍ਰਿਹੋਂ ਅਗਨੀ ਵਿਚ ਸੜਦੇ ਪੀਹੂ ਪੀਹੂ ਕਰਦੇ ਪਪੀਹੇ-ਮਨ ਅੰਮ੍ਰਿਤ ਕੀਰਤਨ ਦੀਆਂ ਬੂੰਦਾਂ ਨਾਲ ਰਸ ਰਸ ਕੇ ਠੰਡੇ ਠਾਰ ਹੋ ਜਾਂਦੇ ਹਨ।

ਅੰਮ੍ਰਿਤ ਦੇ ਵਾਪਾਰੀਆਂ ਨੂੰ ਬਹੁਤ ਵਡੀਆਂ ਕੀਮਤਾਂ ਚੁਕਾਉਣੀਆਂ ਪੈਂਦੀਆਂ ਹਨ।ਉਚੀਆਂ ਸੁਚੀਆਂ ਵਸਤਾਂ ਘਾਲਣਾਂ ਘਾਲਣ ਤੋਂ ਬਿਨਾਂ ਨਹੀਂ ਮਿਲਦੀਆਂ।ਪਰ ਅੰਗਰੇਜ਼ਾਂ ਦੀ ਇਸ ਸੁਗਾਤ(ਹਰਮੋਨੀਅਮ)ਨੇ ਸਾਨੂੰ ਸੁਖ ਅਰਾਮ ਵਿਚ ਪਾ ਦਿਤਾ ,.ਜਦੋਂ ਦਿਲ ਕਰੇ ਹਰਮੋਨੀਅਮ ਦੇ ਸੁਰਾਂ ਨਾਲ ਸੁਰ ਮਿਲਾ ਕੇ ਗਾ ਲਵੋ,. ਕਣ ਮੁਰਕੀਆਂ ਮੀਂਡ ਤੇ ਗਮਕ ਆਦਿ ਰਾਗਾਂ ਦੀ ਖੂਬਸੂਰਤੀ ਦੇ ਖਾਸ ਚਿਨ੍ਹ ਹਨ।ਸਾਡੇ ਗਲੇ ਨੂੰ ਪ੍ਰਮਾਤਮਾ ਨੇ ਇਹ ਸਾਰੇ ਸੰਗੀਤਕ ਗੁਣ ਪੈਦਾ ਕਰਨ ਦੇ ਸਮਰਥ ਬਣਾਇਆ ਹੈ ਪਰ ਹਰਮੋਨੀਅਮ ਵਿਚ ਰਾਗਾਂ ਦੇ ਚਲਨ ਨੂੰ ਪੂਰੀ ਤਰ੍ਹਾਂ ਕਾਇਮ ਰਖਣ ਲਈ ਇਹ ਸਾਰੇ ਗੁਣ ਨਹੀਂ ਹਨ।

ਇਸ ਵਿਚ ਕੋਈ ਸ਼ਕ ਨਹੀਂ ਹੈ ਕਿ ਹਰਮੋਨੀਅਮ ਨਾਲ ਕੀਰਤਨ ਕਰਨ ਵਾਲਿਆਂ ਵਿਚ ਵੀ ਕਈ ਪਹੁੰਚੇ ਹੋਏ ਕੀਰਤਨੀਏ ਮਿਲਦੇ ਹਨ,ਜਿਨ੍ਹਾਂ ਨੇ ਭਗਤੀ ਦੀ ਪ੍ਰਮ ਅਵਸਥਾ ਪ੍ਰਾਪਤ ਕੀਤੀ ਹੋਈ ਹੈ ਅਤੇ ਸੰਗਤ ਵਿਚ ਵੀ ਨਾਮ ਬਾਣੀ ਦੇ ਰੰਗ ਦੀ ਛਹਿਬਰ ਲਗਾਉਣ ਦੇ ਯੋਗ ਹਨ ਪਰ ਇਹ ਵੀ ਸਚ ਹੈ ਕਿ ਜੇਕਰ ਉਨ੍ਹਾਂ ਦੇ ਹਥਾਂ ਵਿਚ ਹਰਮੋਨੀਅਮ ਦੀ ਥਾਂ ਤੰਤੀ ਸਾਜ ਹੁੰਦੇ ਤਾਂ ਮਰਦਾਨੇ ਦੀ ਰਬਾਬ ਦੇ ਸੁਰਾਂ ਨੇ ਬਾਣੀ ਦੀ ਪਾਰਸ ਸ਼ਕਤੀ ਨੂੰ ਚਮਕਾ ਦੇਣਾਂ ਸੀ..।ਹੋਰ ਭੀ ਉਤੇ ਲੈ ਜਾਣਾਂ ਸੀ..।